# ਹੁਣ ਸੂਰ ਪਾਲਣ ਲਈ ਐਨ ਐਲ ਐਮ ਅਧੀਨ ਸਬਸਿਡੀ 15 ਲੱਖ ਰੁਪਏ ਤੋਂ ਸ਼ੁਰੂ

ਹੁਣ ਸੂਰ ਪਾਲਣ ਵਿੱਚ ਲੱਗੇ ਉੱਦਮੀ ਭਾਰਤ ਸਰਕਾਰ ਦੇ ਰਾਸ਼ਟਰੀ ਪਸ਼ੂ ਧਨ ਮਿਸ਼ਨ (ਐਨ ਐਲ ਐਮ) ਦੇ ਤਹਿਤ ਛੋਟੀਆਂ ਇਕਾਈਆਂ ਲਈ ਵੀ ਸਬਸਿਡੀ ਪ੍ਰਾਪਤ ਕਰ ਸਕਦੇ ਹਨ। ਐਨ ਐਲ ਐਮ ਦੇ ਪਸ਼ੂ ਧਨ ਅਤੇ ਪੋਲਟਰੀ ਨਸਲ ਵਿਕਾਸ ਉਪ-ਮਿਸ਼ਨ ਦੇ ਤਹਿਤ ਸੂਰ ਪਾਲਣ ਨੂੰ ਹੁਲਾਰਾ ਦੇਣ ਲਈ ਇਸਦੇ ਸੰਚਾਲਨ ਦਿਸ਼ਾ-ਨਿਰਦੇਸ਼ਾਂ ਵਿੱਚ ਸੋਧਾਂ ਕੀਤੀਆਂ ਗਈਆਂ ਹਨ।

ਯੋਜਨਾ ਦੇ ਤਹਿਤ, ਐਨ ਐਲ ਐਮ ਸੂਰ ਪਾਲਣ ਲਈ ਉੱਦਮੀਆਂ ਨੂੰ ਪੂੰਜੀ ਲਾਗਤ ਦੇ 50% ਤੱਕ ਸਬਸਿਡੀ ਦੇ ਰਿਹਾ ਹੈ।

ਹੁਣ ਉੱਦਮੀ 50 ਸੂਰੀਆਂ ਅਤੇ ਪੰਜ ਸੂਰਾਂ ਦੀ ਇਕਾਈ ਸ਼ੁਰੂ ਕਰਨ ਲਈ 15 ਲੱਖ ਰੁਪਏ ਤੱਕ ਦੀ ਸਬਸਿਡੀ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਪਹਿਲਾਂ, ਸਬਸਿਡੀ ਸਿਰਫ 100 ਸੂਰੀਆਂ ਅਤੇ 25 ਸੂਰਾਂ ਵਾਲੇ ਸੂਰ ਪਾਲਣ ਫਾਰਮ ਲਈ ਉਪਲਬਧ ਸੀ।

ਇਹ ਸਕੀਮ 2021-22 ਵਿੱਤੀ ਸਾਲ ਵਿੱਚ ਪੂਰੇ ਭਾਰਤ ਵਿੱਚ ਲਾਗੂ ਕੀਤੀ ਗਈ ਸੀ। ਇਹ ਸਕੀਮ ਰਾਜ ਦੇ ਪਸ਼ੂ ਪਾਲਣ ਵਿਭਾਗ ਦੀ ਰਾਜ ਲਾਗੂਕਰਨ ਏਜੰਸੀ ਅਤੇ ਭਾਰਤ ਸਰਕਾਰ ਦੇ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ ਰਾਹੀਂ ਲਾਗੂ ਕੀਤੀ ਜਾ ਰਹੀ ਹੈ।

### ਸੂਰ ਪਾਲਣ ਲਈ ਸਬਸਿਡੀ ਦੇ ਸੋਧੇ ਹੋਏ ਮਾਪਦੰਡ

| ਸੂਰ ਪਾਲਣ ਇਕਾਈ ਦਾ ਆਕਾਰ | ਪੂੰਜੀ ਸਬਸਿਡੀ ਦੀ ਵੱਧ ਤੋਂ ਵੱਧ ਰਕਮ |
|---|---|
| 50 ਸੂਰੀਆਂ ਅਤੇ 5 ਸੂਰ | 15 ਲੱਖ ਰੁਪਏ |
| 100 ਸੂਰੀਆਂ ਅਤੇ 10 ਸੂਰ | 30 ਲੱਖ ਰੁਪਏ |

## ਸਕੀਮ ਦੇ ਉਦੇਸ਼

- ਸੂਰ ਪਾਲਣ ਵਿੱਚ ਉੱਦਮਤਾ ਅਤੇ ਨਿਵੇਸ਼ ਨੂੰ ਉਤਸ਼ਾਹਿਤ ਕਰਨਾ।
- ਫਾਰਵਰਡ ਅਤੇ ਬੈਕਵਰਡ ਲਿੰਕੇਜ (ਅੱਗੇ-ਪਿੱਛੇ ਦੀ ਕੜੀ) ਦੀ ਸਥਾਪਨਾ।
- ਆਨੁਵੰਸ਼ਿਕ ਸੁਧਾਰ ਰਾਹੀਂ ਦੇਸ਼ ਵਿੱਚ ਸੂਰਾਂ ਦੀ ਆਬਾਦੀ ਦੀ ਪ੍ਰਤੀ ਜਾਨਵਰ ਉਤਪਾਦਕਤਾ ਵਿੱਚ ਵਾਧਾ ਕਰਨਾ।
- ਪੋਰਕ ਦੀ ਆਯਾਤ ਨਿਰਭਰਤਾ ਨੂੰ ਬਦਲਣਾ ਅਤੇ ਸੂਰ ਦੇ ਮਾਸ ਅਤੇ ਸੂਰ-ਮਾਸ ਦੇ ਉਤਪਾਦਾਂ ਦਾ ਨਿਰਯਾਤ ਸ਼ੁਰੂ ਕਰਨਾ।
- ਵਿਗਿਆਨਕ ਪਾਲਣ-ਪੋਸ਼ਣ ਦੇ ਅਭਿਆਸ, ਪੋਸ਼ਣ ਅਤੇ ਬਿਮਾਰੀਆਂ ਦੀ ਰੋਕਥਾਮ ਆਦਿ ਬਾਰੇ ਜਾਗਰੂਕਤਾ ਫੈਲਾਉਣਾ।

## ਸਕੀਮ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ

- ਨਿਜੀ ਵਿਅਕਤੀਆਂ, ਕਿਸਾਨ ਉਤਪਾਦਕ ਸੰਗਠਨਾਂ (ਐਫ ਪੀ ਓ), ਕਿਸਾਨ ਸਹਿਕਾਰੀ ਸੰਸਥਾਵਾਂ (ਐਫ ਸੀ ਓ), ਸੰਯੁਕਤ ਦੇਣਦਾਰੀ ਸਮੂਹਾਂ (ਜੇ ਐਲ ਜੀ), ਸਵੈ-ਸਹਾਇਤਾ ਸਮੂਹਾਂ (ਐਸ ਐਚ ਜੀ) ਅਤੇ ਸੈਕਸ਼ਨ 8 ਕੰਪਨੀਆਂ ਨੂੰ ਇੱਕ-ਮੁਸ਼ਤ ਪੂੰਜੀ ਸਬਸਿਡੀ ਰਾਹੀਂ ਉੱਦਮੀਆਂ ਦੀ ਸਿਰਜਣਾ।
- ਉੱਦਮੀ ਨੂੰ ਕੇਂਦਰ ਜਾਂ ਰਾਜ ਸਰਕਾਰ/ਵੈਟਰਨਰੀ ਯੂਨੀਵਰਸਿਟੀ ਜਾਂ ਉੱਚ ਜੈਨੇਟਿਕ ਯੋਗਤਾ ਵਾਲੇ ਸਥਾਨਕ ਕਿਸਾਨਾਂ ਤੋਂ ਘੱਟੋ-ਘੱਟ 50 ਸੂਰੀਆਂ ਅਤੇ 5 ਸੂਰਾਂ ਦੀ ਗਿਣਤੀ ਦੇ ਪ੍ਰਜਨਨ ਜਾਨਵਰਾਂ ਵਾਲੇ ਬਰੀਡਰ ਫਾਰਮ ਦੀ ਸਥਾਪਨਾ ਲਈ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।

- ਕੇਂਦਰ ਸਰਕਾਰ ਪ੍ਰਾਜੈਕਟ ਦੀ ਲਾਗਤ ਲਈ 50% (30 ਲੱਖ ਰੁਪਏ ਤੱਕ) ਪੂੰਜੀ ਸਬਸਿਡੀ ਪ੍ਰਦਾਨ ਕਰਦੀ ਹੈ। ਮਾਲੀ ਮਦਦ ਜਾਨਵਰਾਂ ਦੀ ਰਿਹਾਇਸ਼ ਅਤੇ ਪ੍ਰਜਨਣ ਦੇ ਨਾਲ-ਨਾਲ ਆਵਾਜਾਈ, ਬੀਮਾ ਅਤੇ ਸਾਜ਼ੋ-ਸਾਮਾਨ/ਮਸ਼ੀਨਾਂ ਦੀ ਲਾਗਤ ਲਈ ਪ੍ਰਦਾਨ ਕੀਤਾ ਜਾਂਦਾ ਹੈ।
- ਉੱਦਮੀਆਂ/ਯੋਗ ਸੰਸਥਾਵਾਂ ਨੂੰ ਬੈਂਕ ਕਰਜ਼ੇ ਜਾਂ ਵਿੱਤੀ ਸੰਸਥਾ ਜਾਂ ਸਵੈ-ਵਿੱਤ ਰਾਹੀਂ ਬਾਕੀ ਰਕਮ ਦਾ ਪ੍ਰਬੰਧ ਕਰਨਾ ਹੋਵੇਗਾ।

**ਯੋਗ ਲਾਭਪਾਤਰੀ**

ਨਿਜੀ ਵਿਅਕਤੀ, ਕਿਸਾਨ ਉਤਪਾਦਕ ਸੰਸਥਾਵਾਂ (ਐਫ ਪੀ ਓ), ਕਿਸਾਨ ਸਹਿਕਾਰੀ ਸੰਸਥਾਵਾਂ (ਐਫ ਸੀ ਓ), ਸੰਯੁਕਤ ਦੇਣਦਾਰੀ ਸਮੂਹ (ਜੇ ਐਲ ਜੀ), ਸਵੈ-ਸਹਾਇਤਾ ਸਮੂਹ (ਐਸ ਐਚ ਜੀ) ਅਤੇ ਸੈਕਸ਼ਨ 8 ਕੰਪਨੀਆਂ।

**ਲਾਗੂ ਕਰਨ ਵਾਲੀਆਂ ਏਜੰਸੀਆਂ**

ਰਾਜ ਦੇ ਪਸ਼ੂ ਪਾਲਣ ਵਿਭਾਗ ਦੀ ਰਾਜ ਲਾਗੂਕਰਨ ਏਜੰਸੀ ਅਤੇ ਭਾਰਤ ਸਰਕਾਰ ਦਾ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ।

**ਪ੍ਰਾਜੈਕਟ ਦੀ ਨਿਗਰਾਨੀ**

ਐਸ ਆਈ ਏ ਇਸਦੇ ਸੰਚਾਲਨ ਦੇ ਸਬੰਧ ਵਿੱਚ ਪੂਰਾ ਹੋਣ ਤੋਂ ਬਾਅਦ ਦੋ ਸਾਲਾਂ ਦੀ ਮਿਆਦ ਲਈ ਪ੍ਰਾਜੈਕਟ ਦੀ ਨਿਗਰਾਨੀ ਕਰੇਗੀ।

ਸਕੀਮ ਬਾਰੇ ਪੂਰੀ ਜਾਣਕਾਰੀ ਵੈੱਬਸਾਈਟ

https://dahd.nic.in/schemes/programmes/national_livestock_mission 'ਤੇ ਉਪਲਬਧ ਹੈ।